202496225 ਸੀ/੮।

ਵੱਲੋ

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

ਵੱਲ

1) ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ)
2) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)
ਮਿੰਨੀ ਸਕੱਤਰੇਤ, ਬਠਿੰਡਾ।

ਨੰ/ਫੂਡ/2024/ 314-15 ਮਿਤੀ:- 29/7/24

ਵਿਸ਼ਾ:- ਜਿਲ੍ਹਾ ਬਠਿੰਡਾ ਵਿਖੇ ਸਕੂਲਾਂ ਵਿੱਚ ਮਿੱਡ-ਡੇ-ਮੀਲ ਸਕੀਮ ਤਹਿਤ ਚੱਲ ਰਹੀਆਂ ਵੱਖ-ਵੱਖ ਮੈਸ ਅਤੇ ਕੰਟੀਨਾਂ ਦੀਆਂ ਜਰੂਰੀ ਫੂਡ ਰਜਿਸਟਰੇਸ਼ਨਾਂ ਬਣਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਫੂਡ ਸੇਫਟੀ ਅਤੇ ਸਟੈਂਡਰਡਜ ਐਕਟ 2006 ਅਤੇ ਰੂਲਜ 2011 ਅਨੁਸਾਰ ਸਕੂਲਾਂ ਵਿੱਚ ਚਲ ਰਹੀਆਂ ਮੈਸ ਅਤੇ ਕੰਟੀਨਾਂ ਦੀ ਫੂਡ ਸੇਫਟੀ ਰਜਿਸਟਰੇਸ਼ਨ ਹੋਣ ਲਾਜਮੀ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਵਿੱਚ ਮਿੱਡ-ਡੇ-ਮੀਲ ਸਕੀਮ ਤਹਿਤ ਆਉਂਦੀਆਂ ਕੰਟੀਨਾਂ ਅਤੇ ਮੈਂਸਾਂ ਦੀ ਫੂਡ ਰਜਿਸਟਰੇਸ਼ਨ ਬਣਵਾਉਣੀ ਯਕੀਨੀ ਬਣਾਈ ਜਾਵੇ।ਫੂਡ ਰਜਿਸਟਰੇਸ਼ਨ ਬਣਾਉਣ ਲਈ ਕੋਈ ਵੀ ਸਰਕਾਰੀ ਫੋਟੋ ਪਹਿਚਾਣ ਪੱਤਰ ਅਤੇ ਇੱਕ ਪਾਸਪੋਰਟ ਸਾਈਜ ਫੋਟੋ ਲੋੜੀਂਦੇ ਹਨ। ਫੂਡ ਬਿਜਨਿਸ ਆਪਰੇਟਰ ਵੱਲੋਂ ਹੇਠ ਲਿਖੇ ਲਿੰਕ ਤੇ ਜਾ ਕੇ ਫੂਡ ਰਜਿਸਟਰੇਸ਼ਨ ਆਨਲਾਈਨ ਅਪਲਾਈ ਕੀਤੀ ਜਾ ਸਕਦੀ ਹੈ।

https://foscos.fssai.gov.in

ਇਸ ਤੋਂ ਇਲਾਵਾ ਹੋਰ ਲੋੜੀਂਦੀ ਜਾਣਕਾਰੀ ਅਤੇ ਪੱਤਰ ਵਿਹਾਰ ਕਰਨ ਲਈ ਫੂਡ ਸ਼ਾਖਾ, ਦਫ਼ਤਰ ਸਿਵਲ ਸਰਜਨ, ਬਠਿੰਡਾ (foodbranchbathinda15@gmail.com) ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

ਪਿੱਠ ਅੰਕਣ ਨੰ/ਫੂਡ/2024/ ਮਿਤੀ:-

ਉਤਾਰਾ:- ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਹਿੱਤ।

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 10075 ਮਿਤੀ: 02/08/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with OKEN Scanner